ਸਭ ਹੱਕ ਰਾਖਵੇਂ ਹਨ ।

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

G-104

# ਪੰਜਾਬੀ ਦੀ ਰਮਜ਼ ਭਰੀ

# ਕਵਿਤਾ

32470

136

ਲਿਖਤ

**ਡਾਕਟਰ ਬਲਬੀਰ ਸਿੰਘ**

ਬੀ. ਐਸ ਸੀ, ਡੀ. ਆਈ. ਸੀ., ਪੀ ਐਚ. ਡੀ. (ਲੰਡਨ).

ਫਰਵਰੀ ੧੯੪੨

ਪ੍ਰਕਾਸ਼ਕ:-

ਮੈਨੇਜਰ ਖਾਲਸਾ ਸਮਾਚਾਰ

ਹਾਲ ਬਾਜ਼ਾਰ, ਅੰਮ੍ਰਿਤਸਰ

ਭੇਟਾ-ਬਿਨਾ ਜਿਲਦ ਮੁਫ਼ਤ ।

ਇਸੇ ਕਲਮ ਦੀ ਲਿਖੀ ਇਕ ਹੋਰ ਵਚਿਤ੍ਰ ਰਚਨਾ

**ਮਿਸ਼੍ਰਤ ਵਾਦ**

ਇਹ ਪੁਸਤਕ ਡਾਕਟਰ ਸਾਹਿਬ ਜੀ ਨੇ ਬੜੇ ਦਿਲਚਸਪ ਤੇ ਵਾਕਫੀਅਤ ਭਰਪੂਰ ਮਸਾਲੇ ਨਾਲ ਐਸੇ ਰੋਚਕ ਢੰਗ ਪਰ ਲਿਖੀ ਹੈ ਕਿ ਇਕ ਵਾਰ ਸ਼ੁਰੂ ਕਰ ਲਓ ਤਾਂ ਮੁਕਾਏ ਬਿਨਾਂ ਛੱਡੀ ਨਹੀਂ ਜਾ ਸਕਦੀ। ਭੇਟਾ।–)

ਮਿਲਣ ਦਾ ਪਤਾ–

**ਮੈਨੇਜਰ ਖਾਲਸਾ ਸਮਾਚਾਰ ਅੰਮ੍ਰਿਤਸਰ**

ਵਜ਼ੀਰ ਹਿੰਦ ਪ੍ਰੈਸ ਅੰਮਿਤਸਰ ਵਿੱਚ ਸ: ਭੂਪਿੰਦਰ ਸਿੰਘ ਬੀ. ਏ. ਐਲ ਐਲ. ਬੀ. ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪੀ ਤੇ ਕਰਤਾ ਜੀ ਦੀ ਆਗਿਆ ਅਨੁਸਾਰ ਭਾਈ ਇੰਦਰ ਸਿੰਘ ਮੈਨੇਜਰ ਖਾਲਸਾ ਸਮਾਚਾਰ ਨੇ ਹਾਲ ਬਾਜ਼ਾਰ ਅੰਮ੍ਰਿਤਸਰ ਤੋਂ ਪਬਲਿਸ਼ ਕੀਤੀ।

# ਬੇਨਤੀ

ਇਸ ਪੁਸਤਕ ਵਿਚ ਦੋ ਲੇਖ ਹਨ। ਪਹਿਲਾ ਮਜ਼ਮੂਨ ਪੰਜਾਬੀ ਦੀ ਰਮਜ਼ ਭਰੀ ਕਵਿਤਾ ਉੱਪਰ ਹੈ ਅਤੇ ਇਹ ਇਕ ਜ਼ੁਬਾਨੀ ਦਿਤੇ ਲੈਕਚਰ ਦਾ ਲਿਖਤ ਰੂਪ ਵਿਚ ਵਿਸਤਾਰ ਹੈ ਜੋ ਪ੍ਰਸਿੱਧ ਵਿਦ੍ਵਾਨ ਡਾਕਟਰ ਬਲਬੀਰ ਸਿੰਘ ਜੀ ਨੇ ੨੩ ਫਰਵਰੀ ਸੰਨ ੧੯੩੬ ਨੂੰ ਪੰਜਾਬੀ ਸਾਹਿਤਯ ਸਟਡੀ ਸਰਕਲ ਦੀ ਮੀਟਿੰਗ ਵਿਚ ਦਿੱਤਾ। ਇਹ ਲੇਖ ਇਕ ਵੇਰ ਅਗੇ ਟ੍ਰੈਕਟ ਦੀ ਸ਼ਕਲ ਵਿਚ ਸ: ਮਾਨ ਸਿੰਘ ਜੀ ਜੱਜ ਵੱਲੋਂ, ਵਾਸਤੇ ਪੰਜਾਬੀ ਸਾਹਿਤਯ ਸਟਡੀ ਸਰਕਲ ਲਾਹੌਰ, ਪ੍ਰਕਾਸ਼ਤ ਹੋ ਚੁਕਾ ਹੈ।

ਇਸ ਲੈਕਚਰ ਵਿਚ ਪੰਜਾਬੀ ਦੇ ਆਮ ਸਾਹਿਤਯ ਉੱਪਰ ਇਕ ਪੜਚੋਲ ਦੀ ਨਜ਼ਰ ਪਾਈ ਗਈ ਹੈ ਤੇ ਵਿਸ਼ੇਸ਼ ਵਿਆਖਿਆ ਬੁੱਲ੍ਹੇ-ਸ਼ਾਹ ਦੀ ਕਵਿਤਾ ਦੀ ਕੀਤੀ ਗਈ ਹੈ। ਲੇਖਕ ਦਾ ਪ੍ਰਯੋਜਨ ਇਸ ਬੈਕਗ੍ਰਾਊਂਡ (back ground) ਦੇ ਮੁਕਾਬਲੇ ਤੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਵਿਤਾ ਦੀ ਵਿਵੇਚਨਾ ਹੈ, ਜਿਸ ਵਿੱਚੋਂ ਗੁੱਝੇ ਭਾਵ ਸਫੁਟ ਕਰਕੇ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕੀਤੇ ਗਏ ਹਨ।

ਦੂਸਰੇ ਲੇਖ ਵਿਚ ਉਨ੍ਹਾਂ ਗੱਲਾਂ ਦਾ ਹੋਰ ਜ਼ਿਆਦਾ ਵਿਸਤਾਰ ਹੈ ਜੋ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਕਵਿਤਾ ਨਾਲ ਸੰਬੰਧ ਰੱਖਦੀਆਂ ਹਨ। ਇਸ ਵਿਚ ਹੋਰਨਾਂ ਚੀਜ਼ਾਂ ਤੋਂ ਇਲਾਵਾ ਭਾਈ ਸਾਹਿਬ ਦੀ ਰਚਨਾ ਵਿਚ ਕੁਦਰਤ ਦੇ ਬਿਆਨ, ਅਕਲ ਤੇ ਵਲਵਲੇ ਆਦਿਕ ਵਿਸ਼ਿਆਂ ਉੱਪਰ ਤੋਲਵੀਂ ਵਿਵੇਚਨਾ ਹੈ। ਇਸ ਮਜ਼ਮੂਨ ਵਿਚ ਕੁਛ ਹਿੱਸਾ ਉਹ ਹੈ ਜੋ ਲਾਹੌਰ ਰੇਡੀਓ ਸਟੇਸ਼ਨ ਤੋਂ ਲੇਖਕ ਨੇ ੧੪-੧-੪੨ ਨੂੰ ਬ੍ਰਾਡਕਾਸਟ ਕੀਤਾ ਸੀ। ਰੇਡੀਓ ਦੀ ਇਹ ਸਪੀਚ 'ਨਵੀਨ ਪੰਜਾਬੀ ਕਵਿਤਾ ਵਿਚ ਰਹਸਯਵਾਦ' ਦੇ ਹੈਡਿੰਗ ਹੇਠ ਸੀ। ਸਮੇਂ ਦੀ

ਤੰਗੀ ਕਰਕੇ ਇਸ ਮਜ਼ਮੂਨ ਦੇ ਕੇਵਲ ਉਹ ਪੈਰਾਗ੍ਰਾਫ, ਜਿਨ੍ਹਾਂ ਦੇ ਨੰਬਰ ਇਹ ਹਨ:-੧ ਤੋਂ ੩, ੫, ੬, ੮, ੯, ੧੧ ਤੋਂ ੧੯, ੨੧ ਤੋਂ ੨੪, ਬ੍ਰਾਡਕਾਸਟ ਕੀਤੇ ਗਏ ਸਨ। ਅਸੀਂ ਆਲ ਇੰਡੀਆ ਰੇਡੀਓ ਲਾਹੌਰ ਦੇ ਸਟੇਸ਼ਨ ਡਾਇਰੈਕਟਰ ਦੇ ਦਿਲੀ ਧੰਨਵਾਦੀ ਹਾਂ ਜਿਨ੍ਹਾਂ ਦੀ ਆਗਿਆ ਨਾਲ ਇਹ ਪੈਰਾਗ੍ਰਾਫ ਇਸ ਮਜ਼ਮੂਨ ਦੇ ਅੰਤਰਗਤ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਹ ਦੋਵੇਂ ਲੇਖ ਖਾਲਸਾ ਸਮਾਚਾਰ ਵਿਚ ਇਕ ਵੇਰ ਛਪ ਚੁਕੇ ਹਨ।

ਅੰਮ੍ਰਿਤਸਰ
੧੦-੨-੪੨ } ਦਾਸ-ਮੈਨੇਜਰ ਖਾਲਸਾ ਸਮਾਚਾਰ।

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਪੰਜਾਬੀ ਦੀ ਰਮਜ਼ ਭਰੀ (Mystic) ਕਵਿਤਾ*।

ਚੰਨਾ ਵੇ ਤੇਰੀ ਚਾਨਣੀ, ਤਾਰਿਆ ਵੇ ਤੇਰੀ ਲੋ!
ਰੱਜ ਗਲਾਂ ਨਾ ਕੀਤੀਆਂ, ਵੇਹਲੀ ਹੋ ਗਈ ਲੋ!

ਦੁਨੀਆਂ ਦਾ ਬਹੁਤ ਸਾਰਾ ਸਾਹਿਤ ਇਕ ਝੀਣੀ ਬਾਣ ਦੇ ਅੰਦਾਜ਼ ਵਿਚ ਚਲ ਰਿਹਾ ਹੈ। ਬਹੁਤ ਸਾਰੀ ਕਵਿਤਾ ਕੇਵਲ ਇਕ ਵਿਛੋੜੇ ਦੀ ਸੁਰੀਲੀ ਚੀਸ ਹੈ। ਹਰ ਮਿਲਾਪ ਬਿਰਹੋਂ ਦੀ ਭੁੱਖ ਨੂੰ ਤੀਖਣ ਕਰ ਜਾਂਦਾ ਹੈ। ਪ੍ਰੀਤਮਾਂ ਦਾ ਮੇਲਾ ਇਕ ਅਧੂਰੀ ਚੀਜ਼ ਹੈ। ਮਿਲਾਪ ਦੀ ਰਾਤ ਬਹੁਤ ਛੋਟੀ ਹੈ। ਪ੍ਰੀਤ ਦੀ ਲਾਲਸਾ ਵਿਚ ਰੰਗੀਆਂ ਹੋਈਆਂ ਗੱਲਾਂ ਬਹੁਤ ਵਡੀਆਂ ਹਨ। ਦਿਨ ਜਲਦੀ ਫੁਟ ਪੈਂਦਾ ਹੈ ਤੇ ਹਰ ਇਕ ਇਨਸਾਨ ਜਿਸਦੀ ਦਿਲਧੜਕ ਵਿਚ ਕੋਈ ਰੇਸ਼ਾ ਪ੍ਰੇਮ-ਕਸਕ ਦਾ ਹੈ ਉਹ ਇੰਞ ਮਹਿਸੂਸ ਕਰਦਾ ਹੈ:-

ਚੰਨਾ ਵੇ ਤੇਰੀ ਚਾਨਣੀ ਤਾਰਿਆ ਵੇ ਤੇਰੀ ਲੋ।
ਰਜ ਗਲਾਂ ਨਾ ਕੀਤੀਆਂ ਵੇਹਲੀ ਹੋ ਗਈ ਲੋ।

ਕੀ ਸਾਡਾ ਮਿਲਾਪ ਕੇਵਲ ਏਸ ਗਲ ਲਈ ਹੈ ਕਿ ਵਿਛੋੜੇ ਦੀ ਦਰਦ ਦਿਨ ਦੂਣੀ ਵਧੇ? ਕੀ ਸਾਡਾ ਸਾਹਿਤ ਕੇਵਲ ਸਾਡੇ ਅਲਪ

---

*ਇਸ ਲੇਖ ਲਈ ਲੋੜ ਅਨੁਸਾਰ ਹੇਠ ਲਿਖੀਆਂ ਪੁਸਤਕਾਂ ਵਿਚੋਂ ਜੋ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਰਚਿਤ ਹੈਨ ਕੁਛ ਮਸਾਲਾ ਲੀਤਾ ਗਿਆ ਹੈ। ਹਵਾਲਾ ਕੇਵਲ ਪੁਸਤਕਾਂ ਦੇ ਨਾਮ ਦਾ ਦਿੱਤਾ ਹੈ:-
(੧) ਰਾਣਾ ਸੂਰਤ ਸਿੰਘ। (੨) ਮਟਕ ਹੁਲਾਰੇ।
(੩) ਲਹਿਰਾਂ ਦੇ ਹਾਰ। (੪) ਬਿਜਲੀਆਂ ਦੇ ਹਾਰ। (੫) ਕੰਬਦੀ ਕਲਾਈ।

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.